# HARISH RAI DHANDA

**ADVOCATE,**

**Member, Bar Council of Punjab & Haryana**

Chamber No. 333, 3rd Floor, Lawyers Chamber Complex, Part-1,
District Courts, Ludhiana, Punjab, India.141001.
Email: dhandahr@gmail.com
(M) 98141-20300


Date: 05.01.2021

ਵੱਲ

1. ਪੰਜਾਬ ਸਰਕਾਰ ਰਾਹੀਂ ਪ੍ਰਮੁੱਖ ਸਕੱਤਰ, ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ,
ਪੰਜਾਬ ਸਰਕਾਰ, ਚੰਡੀਗੜ੍ਹ। pshe@punjab.gov.in
2. ਡਾਇਰੈਕਟਰ, ਭਾਸ਼ਾ ਵਿਭਾਗ
ਪੰਜਾਬ, ਪਟਿਆਲਾ। dir.lang@punjab.gov.in
3. ਜ਼ਿਲ੍ਹਾ ਭਾਸ਼ਾ ਅਫ਼ਸਰ, ਪੰਜਾਬੀ ਭਵਨ,
ਲੁਧਿਆਣਾ।

ਵਿਸ਼ਾ: ਦੀਵਾਨੀ ਜ਼ਾਬਤਾ 1908 ਦੀ ਧਾਰਾ 80 ਅਧੀਨ ਕਾਨੂੰਨੀ ਨੋਟਿਸ।

ਸ੍ਰੀ ਮਾਨ ਜੀ,

ਮੈਨੂੰ ਸ.ਹਰਬਖ਼ਸ਼ ਸਿੰਘ ਗਰੇਵਾਲ ਵਾਸੀ ਮਕਾਨ ਨੰ:526/2, ਬੀ-35, ਨੇੜੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸੁਨੇਤ, ਬੀ.ਆਰ.ਐਸ. ਨਗਰ, ਲੁਧਿਆਣਾ ਵੱਲੋਂ ਆਪ ਸਾਰੇ ਨੋਟਿਸੀਜ਼ ਨੂੰ ਇਹ ਕਾਨੂੰਨੀ ਨੋਟਿਸ ਦੇਣ ਲਈ ਵਕੀਲ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੀ ਹਦਾਇਤ ਦੀ ਪਾਲਣਾ ਕਰਦੇ ਹੋਏ ਅਤੇ ਉਨ੍ਹਾਂ ਵੱਲੋਂ ਉਪਲਬਧ ਕਰਾਈ ਗਈ ਸੂਚਨਾ ਦੇ ਅਧਾਰ ਤੇ ਮੈਂ ਆਪ ਸਭ ਨੋਟਿਸੀਜ਼ ਨੂੰ ਹੇਠ ਲਿਖੇ ਅਨੁਸਾਰ ਕਾਨੂੰਨੀ ਨੋਟਿਸ ਦੇ ਰਿਹਾ ਹਾਂ:

1. 03 ਦਸੰਬਰ 2020 ਨੂੰ ਪੰਜਾਬ ਸਰਕਾਰ ਵੱਲੋਂ ਪੰਜਾਬੀ, ਹਿੰਦੀ, ਸੰਸਕ੍ਰਿਤ ਅਤੇ ਉਰਦੂ ਦੇ 'ਪੰਜਾਬੀ ਸਾਹਿਤ ਰਤਨ', 'ਸ਼੍ਰੋਮਣੀ ਪੰਜਾਬੀ ਸਾਹਿਤਕਾਰ, ਕਵੀ, ਅਲੋਚਕ, ਗਿਆਨ ਸਾਹਿਤਕਾਰ, ਸਾਹਿਤਕਾਰ ਵਿਦੇਸ਼ੀ, ਸਾਹਿਤਕਾਰ ਪੰਜਾਬੋਂ ਬਾਹਰ, ਬਾਲ ਸਾਹਿਤ ਲੇਖਕ, ਪੱਤਰਕਾਰ, ਸਾਹਿਤਕ ਪੱਤਰਕਾਰ, ਰਾਗੀ, ਢਾਡੀ, ਟੈਲੀਵੀਜ਼ਨ, ਨਾਟਕ, ਗਾਇਕ', 'ਸ਼੍ਰੋਮਣੀ ਹਿੰਦੀ ਸਾਹਿਤਕਾਰ', 'ਸ਼੍ਰੋਮਣੀ ਉਰਦੂ ਸਾਹਿਤਕਾਰ' ਅਤੇ 'ਸ਼੍ਰੋਮਣੀ ਸੰਸਕ੍ਰਿਤ ਸਾਹਿਤਕਾਰ' ਪੁਰਸਕਾਰਾਂ ਦੀ ਘੋਸ਼ਣਾ ਕੀਤੀ ਹੈ। ਪਿਛਲੇ 6 ਸਾਲ ਤੋਂ ਬਕਾਇਆ ਹੋਣ ਕਾਰਨ ਇਸ ਘੋਸ਼ਣਾ ਰਾਹੀਂ ਛੇ 'ਪੰਜਾਬੀ ਸਾਹਿਤ ਰਤਨ' ਅਤੇ 102 ਦੂਸਰੇ ਪੁਰਸਕਾਰ ਵਿਜੇਤਾਵਾਂ ਦੇ ਨਾਵਾਂ ਦੀ ਘੋਸ਼ਣਾ ਕੀਤੀ ਗਈ ਹੈ। ਇੰਝ ਪੰਜਾਬ ਸਰਕਾਰ ਦਾ 5 ਕਰੋੜ 70 ਲੱਖ ਰੁਪਏ ਪੁਰਸਕਾਰਾਂ ਦੀ ਰਾਸ਼ੀ ਦੇ ਤੌਰ ਤੇ ਖਰਚ ਹੋਣਾ ਹੈ। ਤੀਹ ਕੁ ਲੱਖ ਰੁਪਏ ਪੁਰਸਕਾਰ ਵਿਜੇਤਾਵਾਂ ਨੂੰ ਦਿੱਤੇ ਜਾਣ ਵਾਲੇ ਮੈਡਲਾਂ, ਪਲੇਕਾਂ ਅਤੇ ਪੁਰਸਕਾਰਾਂ ਦੇਣ ਲਈ ਰਚੇ ਜਾਣ ਵਾਲੇ ਸਮਾਗਮ ਉੱਪਰ ਖਰਚ ਹੋਣਗੇ। ਪੰਜਾਬ ਸਰਕਾਰ ਇਹ ਰਕਮ ਲੋਕਾਂ ਤੋਂ ਇਕੱਠੀ ਕੀਤੀ ਕਰ ਦੀ ਰਕਮ ਵਿਚੋਂ ਖਰਚ ਕਰੇਗੀ। ਪੰਜਾਬ ਦਾ ਨਾਗਰਿਕ ਹੋਣ ਕਾਰਨ ਅਤੇ ਵੱਖ-ਵੱਖ ਕਿਸਮ ਦੇ ਕਰ ਅਦਾ ਕਰਨ ਕਾਰਨ ਮੇਰੇ ਸਾਇਲ ਦੀ ਪੁਰਸਕਾਰਾਂ ਉੱਤੇ ਖਰਚ ਕੀਤੀ ਜਾਣ ਵਾਲੀ ਰਾਸ਼ੀ ਵਿਚ ਸਾਂਝੀਵਾਲਤਾ ਹੈ। ਇੰਝ ਉਸ ਨੂੰ ਸਰਕਾਰੀ ਖਜ਼ਾਨੇ ਵਿਚੋਂ ਗੈਰ-ਕਾਨੂੰਨੀ ਢੰਗ ਨਾਲ ਖਰਚ ਕੀਤੇ ਜਾਣ ਨੂੰ ਰੋਕਣ ਦਾ ਅਧਿਕਾਰ ਪ੍ਰਾਪਤ ਹੈ। ਆਪਣੇ ਇਸ ਅਧਿਕਾਰ ਦੀ ਵਰਤੋਂ ਕਰਦੇ ਹੋਏ, ਇਸ ਕਾਨੂੰਨੀ ਨੋਟਿਸ ਰਾਹੀਂ, ਉਹ ਤੁਹਾਨੂੰ ਤਿੰਨੋਂ ਨੋਟਿਸੀਆਂ ਨੂੰ,

# HARISH RAI DHANDA

**ADVOCATE,**

**Member, Bar Council of Punjab & Haryana**

Chamber No. 333, 3rd Floor, Lawyers Chamber Complex, Part-1,
District Courts, Ludhiana, Punjab, India.141001.
Email: dhandahr@gmail.com
(M) 98141-20300


2

ਇਨ੍ਹਾਂ ਪੁਰਸਕਾਰਾਂ ਦੀ ਚੋਣ ਵਿਚ ਕੀਤੀਆਂ ਅਨਿਯਮਤਾਵਾਂ ਅਤੇ, ਭਾਈ-ਭਤੀਜਾਵਾਦ ਅਤੇ ਪੱਖਪਾਤੀ ਢੰਗ ਨਾਲ ਕੀਤੀ ਗਈ ਚੋਣ ਦੀਆਂ ਕੁਝ ਉਦਾਹਰਣਾਂ ਦੇ ਕੇ, ਹੇਠਾਂ ਦਿੱਤੇ ਪੈਰ੍ਹਾ ਨੰ:--- ਵਿਚ ਦਰਜ ਰਾਹਤਾਂ ਦੀ ਮੰਗ ਕਰਦੇ ਹਨ।

2. **ਕਾਨੂੰਨੀ ਊਣਤਾਈਆਂ**

(ੳ) ਹਾਲੇ ਤੱਕ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਪੁਰਸਕਾਰਾਂ ਦੇ ਸਬੰਧ ਵਿਚ ਕੋਈ ਵੀ ਨਿਯਮ ਨਹੀਂ ਬਣਾਏ ਗਏ। ਨਾ ਹੀ ਕੋਈ ਅਧਿਕਾਰਤ ਚੋਣ ਪ੍ਰਕ੍ਰਿਆ ਨਿਸ਼ਚਿਤ ਕੀਤੀ ਗਈ ਹੈ। ਨਿਯਮ ਅਤੇ ਚੋਣ ਪ੍ਰਕ੍ਰਿਆ, ਕਦੇ ਵੀ ਪੰਜਾਬ ਸਰਕਾਰ ਦੇ ਗਜ਼ਟ ਵਿਚ ਅਧਿਸੂਚਿਤ ਨਹੀਂ ਹੋਏ। ਤੁਹਾਡੇ ਨੋਟਿਸੀ ਨੰ:1 ਅਤੇ 2 ਵੱਲੋਂ ਇੰਝ ਇਸ ਲਈ ਨਹੀਂ ਕੀਤਾ ਗਿਆ ਤਾਂ ਜੋ ਪੁਰਸਕਾਰਾਂ ਦੀ ਚੋਣ ਸਮੇਂ ਸਰਕਾਰੀ ਅਧਿਕਾਰੀ ਅਤੇ ਸਲਾਹਕਾਰ ਬੋਰਡ ਦੇ ਮੈਂਬਰ ਆਪਣੀ ਮਰਜ਼ੀ ਕਰਕੇ, ਆਪਣੀ ਪਸੰਦ ਦੇ ਸਾਹਿਤਕਾਰਾਂ ਨੂੰ ਪੁਰਸਕਾਰ ਦੇ ਸਕਣ। ਗਜ਼ਟ ਵਿਚ ਨਿਯਮ ਪ੍ਰਕਾਸ਼ਤ ਨਾ ਹੋਣ ਕਾਰਨ ਇਸ ਵਾਰ ਵੀ ਨੋਟਿਸੀ ਨੰ:2 ਵੱਲੋਂ ਪੁਰਸਕਾਰਾਂ ਲਈ ਯੋਗ ਉਮੀਦਵਾਰਾਂ ਦੀ ਸੂਚੀ/ਏਜੰਡਾ ਤਿਆਰ ਕਰਦੇ ਸਮੇਂ ਮਨਮਾਨੀਆਂ ਕੀਤੀਆਂ ਗਈਆਂ ਹਨ। ਇਨ੍ਹਾਂ ਮਨਮਾਨੀਆਂ ਕਾਰਨ ਯੋਗ ਉਮੀਦਵਾਰ ਪੁਰਸਕਾਰ ਪ੍ਰਾਪਤ ਨਹੀਂ ਕਰ ਸਕੇ ਅਤੇ ਅਯੋਗ ਉਮੀਦਵਾਰ ਪੁਰਸਕਾਰ ਪ੍ਰਾਪਤ ਕਰਨ ਵਿਚ ਸਫ਼ਲ ਹੋ ਗਏ।

(ਅ) ਵਰਤਮਾਨ ਪ੍ਰਕ੍ਰਿਆ ਅਨੁਸਾਰ ਸਲਾਹਕਾਰ ਬੋਰਡ ਦੇ ਮੈਂਬਰ ਪੁਰਸਕਾਰਾਂ ਲਈ ਯੋਗ ਉਮੀਦਵਾਰਾਂ ਦੇ ਨਾਂ ਸੁਝਾਅ ਸਕਦੇ/ਸੁਝਾਉਂਦੇ ਹਨ। ਸਕਰੀਨਿੰਗ ਕਮੇਟੀ ਦੇ ਮੈਂਬਰ ਵੀ ਸਲਾਹਕਾਰ ਬੋਰਡ ਵਿਚੋਂ ਹੀ ਹੁੰਦੇ ਹਨ। ਅਖ਼ੀਰ ਵਿਚ ਪੁਰਸਕਾਰ ਦੇਣ ਦਾ ਫ਼ੈਸਲਾ ਵੀ ਸਲਾਹਕਾਰ ਬੋਰਡ ਵੱਲੋਂ ਹੀ ਕੀਤਾ ਜਾਂਦਾ ਹੈ। ਇਸ ਤਰ੍ਹਾਂ ਚੋਣ ਦੀ ਪ੍ਰਕ੍ਰਿਆ ਸ਼ੁਰੂ ਹੋਣ ਤੋਂ ਲੈ ਕੇ ਫ਼ੈਸਲਾ ਹੋਣ ਤੱਕ ਉਮੀਦਵਾਰ ਦੀ ਚੋਣ ਵਿਚ ਸਲਾਹਕਾਰ ਬੋਰਡ ਦੇ ਮੈਂਬਰਾਂ ਦੀ ਪਸੰਦ/ਰਾਏ ਫ਼ੈਸਲਾਕੁੰਨ/ਹਾਵੀ ਰਹਿੰਦੀ ਹੈ। ਇਸ ਕਾਰਨ ਇਹ ਚੋਣ ਪ੍ਰਕ੍ਰਿਆ ਪੂਰੀ ਤਰ੍ਹਾਂ ਗੈਰ-ਕਾਨੂੰਨੀ, ਪੱਖਪਾਤੀ ਅਤੇ ਭਾਈ-ਭਤੀਜਾਵਾਦ ਨੂੰ ਉਤਸ਼ਾਹਿਤ ਕਰਨ ਵਾਲੀ ਹੈ। ਚੋਣ ਪ੍ਰਕ੍ਰਿਆ ਦੇ ਨੁਕਸਦਾਰ ਹੋਣ ਕਾਰਨ ਇਸ ਵਾਰ ਵੀ ਫ਼ੈਸਲੇ ਪੱਖਪਾਤੀ ਹੋਏ ਹਨ।

(ੲ) ਪੁਰਸਕਾਰਾਂ ਲਈ ਯੋਗ ਉਮੀਦਵਾਰਾਂ ਦੀ ਸੂਚੀ/ਏਜੰਡਾ ਤਿਆਰ ਕਰਨ ਸਮੇਂ ਤੁਹਾਡੇ ਨੋਟਿਸੀ ਨੰ:2 ਵੱਲੋਂ ਕੋਈ ਪਾਰਦਰਸ਼ੀ ਵਿਧੀ ਨਹੀਂ ਅਪਣਾਈ ਗਈ। ਕਿਸੇ ਅਖ਼ਬਾਰ ਜਾਂ ਹੋਰ ਕਿਸੇ ਵੀ ਸਾਧਨ ਰਾਹੀਂ, ਉਮੀਦਵਾਰਾਂ ਨੂੰ ਆਪਣਾ ਜੀਵਨ ਬਿਓਰਾ ਦੇਣ ਲਈ ਸੂਚਿਤ ਨਹੀਂ ਕੀਤਾ ਗਿਆ। ਤੁਹਾਡੇ ਨੋਟਿਸੀ ਨੰ:2 ਵੱਲੋਂ ਚੋਣ ਵਿਧੀ ਦੀ ਸਰਵਜਨਕ ਜਾਣਕਾਰੀ ਨਾ ਦਿੱਤੇ ਜਾਣ ਕਾਰਨ ਹਜ਼ਾਰਾਂ ਦੀ ਗਿਣਤੀ ਵਿਚ ਯੋਗ ਉਮੀਦਵਾਰ ਆਪਣਾ ਜੀਵਨ ਬਿਓਰਾ ਭਾਸ਼ਾ ਵਿਭਾਗ ਪੰਜਾਬ ਨੂੰ ਨਹੀਂ ਭੇਜ ਸਕੇ। ਇੰਝ ਕਰਕੇ ਤੁਸੀਂ ਨੋਟਿਸੀ ਨੰ:2 ਨੇ ਯੋਗ ਉਮੀਦਵਾਰਾਂ ਦੇ ਪੁਰਸਕਾਰਾਂ ਦੇ ਚੁਣੇ ਜਾਣ ਦੇ ਮੌਕੇ ਨੂੰ ਉਨ੍ਹਾਂ ਤੋਂ ਖੋਹ ਕੇ ਘੋਰ ਅਨਿਯਮਤਾ ਕੀਤੀ ਹੈ। ਇਸ ਪੱਖਪਤੀ ਵਿਵਹਾਰ ਕਾਰਨ ਯੋਗ ਉਮੀਦਵਾਰ ਪੁਰਸਕਾਰ ਪ੍ਰਾਪਤ ਨਹੀਂ ਕਰ ਸਕੇ ਅਤੇ ਅਯੋਗ ਉਮੀਦਵਾਰ ਪੁਰਸਕਾਰ ਪ੍ਰਾਪਤ ਕਰਨ ਵਿਚ ਸਫ਼ਲ ਹੋ ਗਏ।

(ਸ) ਸਰਕਾਰ ਦੁਆਰਾ ਕੋਈ ਨਿਯਮ ਅਤੇ ਚੋਣ ਪ੍ਰਕ੍ਰਿਆ ਨਿਰਧਾਰਤ ਨਾ ਹੋਣ ਕਾਰਨ, ਤੁਹਾਡੇ ਨੋਟਿਸੀ ਨੰ:2 ਵੱਲੋਂ ਪੁਰਸਕਾਰਾਂ ਬਾਰੇ ਏਜੰਡਾ ਆਪਣੀ ਮਰਜ਼ੀ ਨਾਲ ਤਿਆਰ ਕੀਤਾ ਗਿਆ। ਸਲਾਹਕਾਰ ਬੋਰਡ ਦੇ ਕੁਝ ਮੈਂਬਰਾਂ ਵੱਲੋਂ ਵੀ ਉਮੀਦਵਾਰਾਂ ਦੇ ਨਾਵਾਂ ਦੀ ਸਿਫ਼ਾਰਸ਼ ਕੀਤੀ ਗਈ। ਇੰਝ ਕਰਦੇ ਸਮੇਂ ਸਬੰਧਤ ਮੈਂਬਰਾਂ ਵੱਲੋਂ ਵੀ ਕੋਈ ਨਿਰਪੱਖ

ਪ੍ਰਕਾਸ਼ ਸਿੰਘ ਗਰੇਵਾਲ

# HARISH RAI DHANDA
**ADVOCATE,**
**Member, Bar Council of Punjab & Haryana**
Chamber No. 333, 3rd Floor, Lawyers Chamber Complex, Part-1,
District Courts, Ludhiana, Punjab, India.141001.
Email: dhandahr@gmail.com
(M) 98141-20300



ਵਿਧੀ ਨਹੀਂ ਅਪਣਾਈ ਗਈ। ਆਪਣੇ ਚਹੇਤਿਆਂ ਦੇ ਨਾਂ ਹੀ ਪੁਰਸਕਾਰਾਂ ਲਈ ਸੁਝਾਏ ਗਏ। ਨਤੀਜੇ ਵਜੋਂ ਯੋਗ ਉਮੀਦਵਾਰ ਪੁਰਸਕਾਰਾਂ ਤੋਂ ਵਾਂਝੇ ਰਹਿ ਗਏ ਅਤੇ ਅਯੋਗ ਉਮੀਦਵਾਰ ਪੁਰਸਕਾਰ ਪ੍ਰਾਪਤ ਕਰਨ ਵਿਚ ਸਫ਼ਲ ਹੋ ਗਏ। ਸਿੱਟੇ ਵਜੋਂ ਯੋਗ ਉਮੀਦਵਾਰ ਪੁਰਸਕਾਰ ਪ੍ਰਾਪਤ ਨਹੀਂ ਕਰ ਸਕੇ ਅਤੇ ਅਯੋਗ ਉਮੀਦਵਾਰ ਪੁਰਸਕਾਰ ਪ੍ਰਾਪਤ ਕਰਨ ਵਿਚ ਸਫ਼ਲ ਹੋ ਗਏ।

(ਹ) ਅਖ਼ਬਾਰਾਂ ਵਿਚ ਛਪੀਆਂ ਖ਼ਬਰਾਂ ਅਨੁਸਾਰ, ਸਕਰੀਨਿੰਗ ਕਮੇਟੀ ਦੀ ਮੀਟਿੰਗ ਇੱਕ ਦਸੰਬਰ ਨੂੰ ਹੋਈ। ਸਲਾਹਕਾਰ ਕਮੇਟੀ ਵੱਲੋਂ ਤਿਆਰ ਕੀਤੀ ਗਈ ਸੂਚੀ, ਜਿਸ ਵਿਚ 200 ਤੋਂ ਵੱਧ ਨਾਂ ਸ਼ਾਮਲ ਸਨ, ਦੀ ਘੋਖ ਲਈ ਸਲਾਹਕਾਰ ਬੋਰਡ ਦੀ ਮੀਟਿੰਗ 3 ਦਸੰਬਰ ਨੂੰ ਹੋਈ। ਜੇ ਬੋਰਡ ਦੀ ਮੀਟਿੰਗ 6 ਘੰਟੇ ਵੀ ਚੱਲੀ ਹੋਵੇ ਤਾਂ ਵੀ ਹਰ ਉਮੀਦਵਾਰ ਦੀ ਯੋਗਤਾ ਨੂੰ ਪਰਖਣ ਲਈ ਇੱਕ ਤੋਂ ਸਵਾ ਮਿੰਟ ਹੀ ਲੱਗਾ ਹੋਵੇਗਾ। 40 ਮੈਂਬਰਾਂ ਦਾ ਸਲਾਹਕਾਰ ਬੋਰਡ ਵੱਲੋਂ ਇੰਨੇ ਘੱਟ ਸਮੇਂ ਵਿਚ 'ਆਪਣਾ mind apply' ਨਹੀਂ ਕਰ ਸਕਦਾ। ਇਸ ਕਾਰਨ ਵੀ ਪੁਰਸਕਾਰ ਵਿਜੇਤਾਵਾਂ ਦੀ ਚੋਣ ਗੈਰ-ਤਰਕਸੰਗਤ ਅਤੇ ਗੈਰ-ਕਾਨੂੰਨੀ ਹੈ।

3. **ਪੁਰਸਕਾਰਾਂ ਦੀ ਚੋਣ ਪ੍ਰਕ੍ਰਿਆ ਵਿਚ ਨੋਟਿਸੀਆਂ ਨੰ:1 ਅਤੇ 2 ਵੱਲੋਂ ਕੀਤੀਆਂ ਗਈਆਂ ਅਨਿਯਮਤਾਵਾਂ ਦੀਆਂ ਕੁਝ ਉਦਾਹਰਣਾਂ**

**ਉਦਾਹਰਣ ਨੰ:1: ਮ੍ਰਿਤਕ ਵਿਅਕਤੀਆਂ ਦੀ ਚੋਣ**

(ੳ) 11 ਦਸੰਬਰ 2020 ਦੇ 'ਪੰਜਾਬੀ ਜਾਗਰਣ' ਅਖ਼ਬਾਰ ਵਿਚ ਛਪੀਆਂ ਖ਼ਬਰਾਂ ਅਨੁਸਾਰ ਤੁਹਾਡੇ ਨੋਟਿਸੀ ਨੰ:2 ਵੱਲੋਂ ਪੁਰਸਕਾਰਾਂ ਲਈ ਜੋ ਏਜੰਡਾ ਤਿਆਰ ਕੀਤਾ ਗਿਆ ਉਸ ਵਿਚ ਦੋ ਮ੍ਰਿਤਕ ਵਿਅਕਤੀਆਂ, ਜਿਨ੍ਹਾਂ ਦੇ ਨਾਮ 'ਕੇ.ਦੀਪ' ਅਤੇ 'ਇਕਬਾਲਦੀਪ' ਹਨ, ਯੋਗ ਉਮੀਦਵਾਰਾਂ ਦੀ ਸੂਚੀ ਵਿਚ ਸ਼ਾਮਲ ਕੀਤੇ ਗਏ। ਇਸੇ ਅਖ਼ਬਾਰ ਵਿਚ ਛਪੀਆਂ ਖ਼ਬਰਾਂ ਅਨੁਸਾਰ ਨੋਟਿਸੀ ਨੰ:2 ਦੀਆਂ ਇਹ ਗਲਤੀਆਂ ਸਕਰੀਨਿੰਗ ਕਮੇਟੀ/ਸਲਾਹਕਾਰ ਬੋਰਡ ਦੇ ਮੈਂਬਰਾਂ, ਦਰਸ਼ਨ ਬੁੱਟਰ ਅਤੇ ਪੰਮੀ ਬਾਈ ਦੇ ਧਿਆਨ ਵਿਚ ਆਈਆਂ ਅਤੇ ਉਨ੍ਹਾਂ ਨੇ ਇਨ੍ਹਾਂ ਮ੍ਰਿਤਕਾਂ ਦੇ ਨਾਂ ਯੋਗ ਉਮੀਦਵਾਰਾਂ ਦੀ ਸੂਚੀ ਵਿਚੋਂ ਕਟਵਾਏ। ਤੁਹਾਡੇ ਨੋਟਿਸੀ ਨੰ:2 ਵੱਲੋਂ ਬਿਨ੍ਹਾਂ ਤੱਥਾਂ ਦੀ ਘੋਖ ਕੀਤੇ, ਦੋ ਮ੍ਰਿਤਕਾਂ ਦੇ ਨਾਂ, ਪੁਰਸਕਾਰਾਂ ਲਈ ਯੋਗ ਉਮੀਦਵਾਰਾਂ ਦੀ ਸੂਚੀ ਵਿਚ ਸ਼ਾਮਲ ਕਰਨ ਤੋਂ ਸਿੱਧ ਹੁੰਦਾ ਹੈ ਕਿ ਤੁਸੀਂ ਇਸ ਵੱਡੀ ਜ਼ਿੰਮੇਵਾਰੀ ਨੂੰ ਸਹੀ ਢੰਗ ਨਾਲ ਨਹੀਂ ਅਪਣਾਇਆ।

(ਅ) ਇੱਥੇ ਹੀ ਬਸ ਨਹੀਂ, ਤੁਹਾਡੇ ਨੋਟਿਸੀ ਨੰ:2 ਵੱਲੋਂ ਯੋਗ ਉਮੀਦਵਾਰਾਂ ਦੇ ਤਿਆਰ ਕੀਤੇ ਏਜੰਡੇ ਵਿਚ ਸਾਲ 2019 ਦੇ 'ਸ਼੍ਰੋਮਣੀ ਰਾਗੀ' ਪੁਰਸਕਾਰ ਲਈ, ਸਾਲ 2012 ਵਿਚ ਕੈਂਸਰ ਦੀ ਬਿਮਾਰੀ ਕਾਰਨ ਇਸ ਸੰਸਾਰ ਨੂੰ ਤਿਆਗ ਗਏ 'ਭਾਈ ਬਲਵੀਰ ਸਿੰਘ ਬੀਹਲਾ' ਦੇ ਨਾਂ ਦੀ ਸਿਫ਼ਾਰਸ਼ ਕੀਤੀ ਗਈ। ਤੁਹਾਡੀ ਨੋਟਿਸੀ ਨੰ:2 ਦੀ ਇਹ ਸਿਫ਼ਾਰਸ਼ ਵੀ ਤੁਹਾਡੇ ਵੱਲੋਂ ਆਪਣੀਆਂ ਜ਼ਿੰਮੇਵਾਰੀਆਂ ਨੂੰ ਗੈਰ-ਜ਼ਿੰਮੇਵਾਰਾ ਢੰਗ ਨਾਲ ਨਿਭਾਉਣ ਨੂੰ ਸਿੱਧ ਕਰਦੀ ਹੈ। ਅਗਾਂਹ ਸਕਰੀਨਿੰਗ ਕਮੇਟੀ ਅਤੇ ਸਲਾਹਕਾਰ ਬੋਰਡ ਵੱਲੋਂ ਜਿਸ ਦੇ ਨੋਟਿਸੀ ਨੰ:1 ਵੀ ਮੈਂਬਰ ਸਨ, ਵੀ ਇਸ ਪੁਰਸਕਾਰ ਦੀ ਚੋਣ ਸਮੇਂ ਆਪਣੇ ਫ਼ਰਜ਼ਾਂ ਦੀ ਪਾਲਣਾ ਨਹੀਂ ਕੀਤੀ ਗਈ। ਬਿਨ੍ਹਾਂ ਤੱਥਾਂ ਦੀ ਘੋਖ ਕੀਤੇ ਅਤੇ ਬਿਨ੍ਹਾਂ ਆਪਣਾ 'ਮਾਈਂਡ ਅਪਲਾਈ' ਕੀਤੇ, ਸਲਾਹਕਾਰ ਬੋਰਡ ਨੇ ਨੋਟਿਸੀ ਨੰ:2 ਦੀ ਚੋਣ ਤੇ ਮੋਹਰ ਲਾ ਦਿੱਤੀ ਅਤੇ ਭਾਈ ਬਲਵੀਰ ਸਿੰਘ ਬੀਹਲਾ ਨੂੰ ਇਸ ਪੁਰਸਕਾਰ ਦੇ ਵਿਜੇਤਾ ਦੇ ਤੌਰ ਤੇ ਘੋਸ਼ਿਤ ਕਰ ਦਿੱਤਾ। ਇੰਝ ਤੁਸੀਂ ਨੋਟਿਸੀ ਨੰ:1 ਅਤੇ 2 ਨੇ ਅਤੇ ਸਕਰੀਨਿੰਗ ਕਮੇਟੀ ਅਤੇ ਸਲਾਹਕਾਰ ਬੋਰਡ ਦੇ ਸਾਰੇ ਮੈਂਬਰਾਂ ਨੇ ਘੋਰ ਅਨਿਯਮਤਾ ਕੀਤੀ। ਸਿੱਟੇ ਵਜੋਂ

# HARISH RAI DHANDA

**ADVOCATE,**

**Member, Bar Council of Punjab & Haryana**

Chamber No. 333, 3rd Floor, Lawyers Chamber Complex, Part-1,
District Courts, Ludhiana, Punjab, India.141001.
Email: dhandahr@gmail.com
(M) 98141-20300




(ੲ) 11 ਦਸੰਬਰ 2020 ਨੂੰ 'ਪੰਜਾਬੀ ਜਾਗਰਣ' ਅਖ਼ਬਾਰ ਵਿਚ ਇੱਕ ਮ੍ਰਿਤਕ ਵਿਅਕਤੀ ਨੂੰ ਪੁਰਸਕਾਰ ਲਈ ਚੁਣੇ ਜਾਣ ਤੇ ਜਦੋਂ ਤੁਹਾਡੇ ਨੋਟਿਸੀ ਨੰ:2 ਤੋਂ ਸਪੱਸ਼ਟੀਕਰਨ ਮੰਗਿਆ ਗਿਆ ਤਾਂ ਤੁਸੀਂ ਅਣਗਹਿਲੀ/ਅਸਲ ਵਿਚ ਅਨਿਯਮਤਾਈ ਨੂੰ ਸਵੀਕਾਰ ਕੀਤਾ ਅਤੇ ਇਸ ਗੈਰ-ਕਾਨੂੰਨੀ ਚੋਣ ਦਾ ਕਾਰਨ 'ਜਲਦਬਾਜੀ' ਦੱਸਿਆ।

(ਸ) ਇੱਕ ਮ੍ਰਿਤਕ ਵਿਅਕਤੀ ਨੂੰ ਪੁਰਸਕਾਰ ਲਈ ਚੁਣੇ ਜਾਣ ਤੇ ਸਾਲ 2019 ਦੇ 'ਸ਼੍ਰੋਮਣੀ ਰਾਗੀ ਪੁਰਸਕਾਰ' ਦੇ ਅਸਲੀ ਹੱਕਦਾਰ ਦਾ ਹੱਕ ਮਾਰਿਆ ਗਿਆ। ਇੰਝ ਤੁਹਾਡੇ ਨੋਟਿਸੀ ਨੰ:1, 2 ਅਤੇ ਸਕਰੀਨਿੰਗ ਕਮੇਟੀ/ ਸਲਾਹਕਾਰ ਬੋਰਡ ਦੇ ਗੈਰ-ਜ਼ਿੰਮੇਵਾਰਾਨਾ ਅਤੇ ਗੈਰ-ਕਾਨੂੰਨੀ ਰਵੱਈਏ ਕਾਰਨ ਹੋਇਆ ਹੈ।

**ਉਦਾਹਰਣ ਨੰ:2: ਅਯੋਗ ਉਮੀਦਵਾਰਾਂ ਦੀ ਚੋਣ**

(ੳ) ਸਾਲ 2019 ਦਾ 'ਸ਼੍ਰੋਮਣੀ ਬਾਲ ਸਾਹਿਤ ਲੇਖਕ ਪੁਰਸਕਾਰ' ਡਾ.ਤਜਿੰਦਰ ਹਰਜੀਤ ਨੂੰ ਦਿੱਤਾ ਗਿਆ ਹੈ। ਮੇਰੇ ਸਾਇਲ ਵੱਲੋਂ ਉਪਲਬਧ ਕਰਾਈ ਗਈ ਸੂਚਨਾ ਅਨੁਸਾਰ ਡਾ.ਤਜਿੰਦਰ ਹਰਜੀਤ ਵੱਲੋਂ ਸਾਲ 2019 ਤੱਕ ਕੇਵਲ ਦੋ ਬਾਲ ਸਾਹਿਤ ਦੀਆਂ ਪੁਸਤਕਾਂ ਹੀ ਰਚੀਆਂ ਗਈਆਂ ਹਨ। ਉਹ ਵੀ ਸਾਲ 2019 ਵਿਚ ਹੀ।

(i) ਇਸ ਪੁਰਸਕਾਰ ਦੇ ਇੱਕ ਹੋਰ ਉਮੀਦਵਾਰ ਅਵਤਾਰ ਸਿੰਘ ਸੰਧੂ ਪਿਛਲੇ ਤੀਹ ਸਾਲ ਤੋਂ ਬਾਲ ਸਾਹਿਤ ਰਚਦੇ ਆ ਰਹੇ ਹਨ ਅਤੇ ਉਨ੍ਹਾਂ ਦੀਆਂ ਪੰਜਾਹ ਤੋਂ ਵੱਧ ਬਾਲ ਸਾਹਿਤ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਅਵਤਾਰ ਸਿੰਘ ਸੰਧੂ ਵੱਲੋਂ ਇਸ ਪੁਰਸਕਾਰ ਲਈ ਤੁਹਾਨੂੰ ਨੋਟਿਸੀ ਨੰ:2 ਨੂੰ ਆਪਣਾ ਜੀਵਨ ਬਿਓਰਾ ਵੀ ਭੇਜਿਆ ਗਿਆ ਸੀ।

(ii) ਇਸ ਪੁਰਸਕਾਰ ਲਈ ਇੱਕ ਹੋਰ ਯੋਗ ਉਮੀਦਵਾਰ ਡਾ.ਫ਼ਕੀਰ ਚੰਦ ਸ਼ੁਕਲਾ ਜੀ ਸਨ। ਹੁਣ ਤੱਕ ਉਹ ਪੰਜਾਬੀ ਵਿਚ 16 ਅਤੇ ਹਿੰਦੀ ਵਿਚ 14 ਬਾਲ ਸਾਹਿਤ ਪੁਸਤਕਾਂ ਰਚ ਚੁੱਕੇ ਹਨ। ਸਾਹਿਤ ਦੀ ਹਰ ਵਿਧੀ ਜਿਵੇਂ ਕਿ ਨਾਟਕ, ਕਹਾਣੀਆਂ, ਨਾਵਲ ਉਨ੍ਹਾਂ ਰਚੇ ਹਨ। ਉਨ੍ਹਾਂ ਦੀ ਕਹਾਣੀ 'ਜਨਮ ਦਿਨ ਦੀ ਪਾਰਟੀ' ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅੱਠਵੀਂ ਜਮਾਤ ਦੇ ਪੰਜਾਬੀ ਵਿਸ਼ੇ ਦੀ ਪਾਠ-ਪੁਸਤਕ ਵਿਚ ਸ਼ਾਮਲ ਹੈ। ਉਨ੍ਹਾਂ ਦੀਆਂ ਲਿਖੀਆਂ ਬਾਲ ਕਹਾਣੀਆਂ ਦੇ ਅਨੁਵਾਦ ਗੁਜਰਾਤੀ, ਮਰਾਠੀ, ਸਿੰਧੀ, ਬੰਗਲਾ ਅਤੇ ਅੰਗਰੇਜ਼ੀ ਵਿਚ ਪ੍ਰਕਾਸ਼ਤ ਹੋ ਚੁੱਕੇ ਹਨ। ਹੁਣ ਤੱਕ ਮਰਾਠੀ ਵਿਚ ਚਾਰ ਅਤੇ ਗੁਜਰਾਤੀ ਵਿਚ ਤਿੰਨ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਉਨ੍ਹਾਂ ਦੀਆਂ ਰਚਨਾਵਾਂ ਤੇ ਐਮ.ਫਿਲ ਦੀਆਂ ਡਿਗਰੀਆਂ ਲਈ ਖੋਜ ਵੀ ਕੀਤੀ ਗਈ ਹੈ। ਉਨ੍ਹਾਂ ਦੇ ਨਾਟਕ ਦੂਰਦਰਸ਼ਨ ਕੇਂਦਰ ਜਲੰਧਰ ਤੋਂ ਪ੍ਰਸਾਰਤ ਹੁੰਦੇ ਰਹਿੰਦੇ ਹਨ। ਡਾ.ਫ਼ਕੀਰ ਚੰਦ ਸ਼ੁਕਲਾ ਦਾ ਇਸ ਪੁਰਸਕਾਰ ਲਈ ਯੋਗ ਨਾਂ ਦੀ ਸੂਚੀ/ਏਜੰਡੇ ਵਿਚ ਸ਼ਾਮਲ ਨਾ ਕਰਕੇ ਤੁਸੀਂ ਨੋਟਿਸੀ ਨੰ:3 ਨੇ ਇੱਕ ਯੋਗ ਵਿਅਕਤੀ ਨੂੰ ਪੁਰਸਕਾਰ ਤੋਂ ਵਾਂਝਾ ਕਰਨ ਅਤੇ ਇੱਕ ਅਯੋਗ ਵਿਅਕਤੀ ਨੂੰ ਪੁਰਸਕਾਰ ਉਪਲਬਧ ਕਰਾਉਣ ਲਈ ਗੈਰ-ਜ਼ਿੰਮੇਵਾਰਾਨਾ ਵਿਵਹਾਰ ਕੀਤਾ ਹੈ। ਇੰਝ ਯੋਗ ਉਮੀਦਵਾਰ ਪੁਰਸਕਾਰ ਪ੍ਰਾਪਤ ਨਹੀਂ ਕਰ ਸਕੇ ਅਤੇ ਅਯੋਗ ਉਮੀਦਵਾਰ ਪੁਰਸਕਾਰ ਪ੍ਰਾਪਤ ਕਰਨ ਵਿਚ ਸਫ਼ਲ ਹੋ ਗਏ।

(iii) ਸਾਲ 2017 ਲਈ ਸੱਤਪਾਲ ਭੀਖੀ, ਸਾਲ 2018 ਲਈ ਤਰਸੇਮ ਅਤੇ ਸਾਲ 2019 ਲਈ ਪਵਨ ਹਰਚੰਦਪੁਰੀ ਨੂੰ ਭਾਰਤ ਦੀ ਸਾਹਿਤ ਦੀ ਸਰਵੋਤਮ ਸੰਸਥਾ 'ਸਾਹਿਤ ਅਕੈਡਮੀ' ਵੱਲੋਂ ਬਾਲ ਸਾਹਿਤਕਾਰ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਪੁਰਸਕਾਰ ਦੇਣ ਤੋਂ ਪਹਿਲਾਂ ਸਾਹਿਤ ਅਕੈਡਮੀ ਵੱਲੋਂ ਚੋਣ ਲਈ ਇੱਕ ਤਰਕਸੰਗਤ ਵਿਧੀ ਅਪਣਾਈ ਜਾਂਦੀ ਹੈ। ਤੁਹਾਡੇ ਨੋਟਿਸੀ ਨੰ:2 ਵੱਲੋਂ ਇਨ੍ਹਾਂ ਯੋਗ ਵਿਅਕਤੀਆਂ ਦੇ ਨਾਂ

ਅਵਤਾਰ ਸਿੰਘ ਸੰਧੂ

# HARISH RAI DHANDA

**ADVOCATE,**

**Member, Bar Council of Punjab & Haryana**

Chamber No. 333, 3rd Floor, Lawyers Chamber Complex, Part-1,
District Courts, Ludhiana, Punjab, India.141001.
Email: dhandahr@gmail.com
(M) 98141-20300


ਆਪਣੀ ਸੂਚੀ ਵਿਚ ਸ਼ਾਮਲ ਨਾ ਕਰਕੇ ਤੁਸੀਂ ਇਨ੍ਹਾਂ ਨਾਲ ਇਨ੍ਹਾਂ ਦੇ ਹੱਕਾਂ ਨੂੰ ਅਣਡਿੱਠਾ ਕੀਤਾ ਹੈ ਅਤੇ ਇੱਕ ਅਯੋਗ ਸਾਹਿਤਕਾਰ ਨੂੰ ਪੁਰਸਕਰ ਦਵਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

(iv) 'ਸ਼੍ਰੋਮਣੀ ਹਿੰਦੀ ਸਾਹਿਤਕਾਰ ਪੁਰਸਕਾਰ' ਇਸ ਉਦੇਸ਼ ਨਾਲ ਸਥਾਪਤ ਕੀਤਾ ਗਿਆ ਸੀ ਤਾਂ ਜੋ ਪੰਜਾਬ ਵਿਚ ਵੱਸਦੇ ਸਾਹਿਤਕਾਰ ਜੋ ਹਿੰਦੀ ਵਿਚ ਵੀ ਸਾਹਿਤ ਰਚਦੇ ਹਨ, ਉਨ੍ਹਾਂ ਦੀ ਇਸ ਰੁੱਚੀ ਨੂੰ ਉਤਸ਼ਾਹਿਤ ਕੀਤਾ ਜਾਵੇ। ਇਸ ਪੁਰਸਕਾਰ ਦਾ ਇਹ ਕਦੇ ਵੀ ਉਦੇਸ਼ ਨਹੀਂ ਰਿਹਾ ਕਿ ਪੰਜਾਬ ਵਿਚ ਜਨਮ ਲੈਣ ਬਾਅਦ ਕਿਸੇ ਹੋਰ ਹਿੰਦੀ ਭਾਸ਼ੀ ਪ੍ਰਾਂਤ ਵਿਚ ਪੱਕੇ ਤੌਰ ਤੇ ਸਥਾਪਤ ਹੋ ਚੁੱਕੇ ਅਤੇ ਉਸ ਪ੍ਰਾਂਤ ਦੀ ਰਾਜ ਭਾਸ਼ਾ ਹਿੰਦੀ ਵਿਚ ਸਾਹਿਤ ਰਚ ਰਹੇ ਸਾਹਿਤਕਾਰ ਨੂੰ ਵੀ ਪੁਰਸਕਾਰਤ ਕੀਤਾ ਜਾਵੇ। ਇਸ ਭਾਵਨਾ ਦੀ ਅਣਦੇਖੀ ਕਰਕੇ, ਸਾਲ 2018 ਦਾ 'ਸ਼੍ਰੋਮਣੀ ਹਿੰਦੀ ਸਾਹਿਤਕਾਰ ਪੁਰਸਕਾਰ ਬਲੀ ਸਿੰਘ ਚੀਮਾ' ਨੂੰ ਦਿੱਤਾ ਗਿਆ ਹੈ। ਪ੍ਰਾਪਤ ਸੂਚਨਾ ਅਨੁਸਾਰ ਉਨ੍ਹਾਂ ਦਾ ਜਨਮ ਅਤੇ ਪੜ੍ਹਾਈ ਭਾਵੇਂ ਪੰਜਾਬ ਵਿਚ ਹੋਈ ਪਰ ਉਹ ਪੱਕੇ ਤੌਰ ਤੇ ਅਤੇ ਲੰਬੇ ਸਮੇਂ ਤੋਂ ਉੱਤਰਾਖੰਡ ਵਿਚ ਵੱਸ ਰਹੇ ਹਨ। ਹਿੰਦੀ ਭਾਸ਼ੀ ਪ੍ਰਾਂਤ ਹੋਣ ਕਾਰਨ ਉਹ ਹਿੰਦੀ ਵਿਚ ਹੀ ਸਾਹਿਤ ਸਿਰਜ ਰਹੇ ਹਨ। ਉਨ੍ਹਾਂ ਵੱਲੋਂ ਪੰਜਾਬੀ ਵਿਚ ਇੱਕ ਵੀ ਪੁਸਤਕ ਨਹੀਂ ਲਿਖੀ ਗਈ। ਇਸ ਤੋਂ ਸਿੱਧ ਹੁੰਦਾ ਹੈ ਕਿ ਹੁਣ ਉਨ੍ਹਾਂ ਦਾ ਪੰਜਾਬ ਜਾਂ ਪੰਜਾਬੀ ਨਾਲ ਕੋਈ ਲਗਾਓ ਨਹੀਂ ਹੈ। ਹੁਣ ਤੱਕ ਉਨ੍ਹਾਂ ਨੇ ਸਾਹਿਤ ਦੀ ਕੇਵਲ ਇੱਕੋ ਵਿਧਾ 'ਕਾਵਿ' ਵਿਚ ਸਾਹਿਤ ਰਚਿਆ ਹੈ। ਕਵਿਤਾ ਦੀਆਂ ਕੇਵਲ ਪੰਜ ਪੁਸਤਕਾਂ ਹੀ ਰਚੀਆਂ ਹਨ।

ਇਸ ਦੇ ਉਲਟ ਇਸ ਪੁਰਸਕਾਰ ਲਈ ਡਾ.ਧਰਮਾਪਲ ਸਾਹਿਲ ਨੇ ਵੀ ਤੁਹਾਨੂੰ ਨੋਟਿਸੀ ਨੰ:3 ਨੂੰ ਆਪਣਾ ਜੀਵਨ ਬਿਓਰਾ ਭੇਜਿਆ ਸੀ। ਪੰਜਾਬ ਵਿਚ ਜੰਮੇ-ਪਲੇ ਅਤੇ ਇੱਥੇ ਹੀ ਰਹਿ ਰਹੇ ਧਰਮਾਪਲ ਸਾਹਿਲ ਹਿੰਦੀ ਦੇ ਨਾਲ-ਨਾਲ ਪੰਜਾਬੀ ਵਿਚ ਵੀ ਸਾਹਿਤ ਸਿਰਜ ਰਹੇ ਹਨ। ਹਿੰਦੀ ਵਿਚ ਉਨ੍ਹਾਂ ਨੇ ਕਰੀਬ 20 ਪੁਸਤਕਾਂ ਲਿਖੀਆਂ ਹਨ। ਸਾਹਿਤ ਦੀ ਹਰ ਵਿਧਾ ਜੋ ਕਿ ਇਨਾਮ ਦੀ ਇੱਕ ਕਸਵੱਟੀ ਵੀ ਹੈ ਜਿਵੇਂ ਕਿ ਨਾਵਲ, ਕਹਾਣੀ, ਕਵਿਤਾ, ਕੋਸ਼ਾਕਾਰੀ, ਨਾਟਕ ਅਤੇ ਸਫ਼ਰਨਾਮੇ ਵਿਚ ਉਨ੍ਹਾਂ ਨੇ ਹੱਥ ਅਜ਼ਮਾਇਆ ਹੈ। ਉਹ ਬਾਲ ਸਾਹਿਤ ਵੀ ਰਚ ਰਹੇ ਹਨ। ਲਗਭਗ ਇੰਨੀਆਂ ਹੀ ਪੁਸਤਕਾਂ ਉਨ੍ਹਾਂ ਨੇ ਪੰਜਾਬੀ ਵਿਚ ਵੀ ਰਚੀਆਂ ਹਨ। ਡਾ.ਸਾਹਿਲ ਦੇ ਸਾਹਿਤ ਨੂੰ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਕਈ ਵਾਰ ਪੁਰਸਕਾਰਤ ਕੀਤਾ ਗਿਆ ਹੈ। ਉਨ੍ਹਾਂ ਦੇ ਨਾਵਲ 'ਬਾਇਓਸਕੋਪ' ਨੂੰ ਮਾਨਵ ਸੰਸਾਧਨ ਮੰਤਰਾਲੇ ਵੱਲੋਂ ਰਾਸ਼ਟਰੀ ਪੁਰਸਕਾਰ ਦਿੱਤਾ ਗਿਆ। 'ਸਮਝੌਤਾ ਐਕਸਪ੍ਰੈਸ' ਨਾਵਲ ਅਤੇ 'ਬੰਟੀ ਹੂੰ ਨਾ' ਪੁਸਤਕਾਂ ਨੂੰ ਖੁਦ ਭਾਸ਼ਾ ਵਿਭਾਗ ਪੰਜਾਬ ਵੱਲੋਂ ਸਰਵੋਤਮ ਪੁਸਤਕ ਪੁਰਸਕਾਰ ਦਿੱਤੇ ਜਾ ਚੁੱਕੇ ਹਨ। ਉਨ੍ਹਾਂ ਵੱਲੋਂ ਪ੍ਰਾਪਤ ਕੀਤੇ ਪੁਰਸਕਾਰਾਂ ਦੀ ਲਿਸਟ ਬਹੁਤ ਲੰਬੀ ਹੈ। ਉਨ੍ਹਾਂ ਦੀ ਸਾਹਿਤ ਸਿਰਜਣਾ ਬਾਰੇ ਹੁਣ ਤੱਕ ਪੀ.ਐਚ.ਡੀ. ਦੀਆਂ ਤਿੰਨ ਅਤੇ ਐਮ.ਫਿਲ ਦੀਆਂ 10 ਡਿਗਰੀਆਂ ਲਈ ਖੋਜ-ਕਾਰਜ ਹੋ ਚੁੱਕੇ ਹਨ।

ਇੰਝ ਤੁਸੀਂ ਨੋਟਿਸੀ ਨੰ:2 ਨੇ ਡਾ.ਧਰਮਾਪਲ ਸਾਹਿਲ ਦੇ ਨਾਂ ਨੂੰ ਅਣਡਿੱਠਾ ਕਰਕੇ ਅਤੇ ਬਲੀ ਸਿੰਘ ਚੀਮਾ ਦੇ ਨਾਂ ਨੂੰ ਸੂਚੀ/ਏਜੰਡੇ ਵਿਚ ਸ਼ਾਮਲ ਕਰਕੇ ਆਪਣੇ ਫ਼ਰਜ਼ਾਂ ਦੀ ਘੋਰ ਉਲੰਘਣਾ ਕੀਤੀ ਹੈ। ਡਾ.ਧਰਮਾਪਲ ਸਾਹਿਲ ਅਤੇ ਉਨ੍ਹਾਂ ਵਰਗੇ ਹੋਰ ਯੋਗ ਉਮੀਦਵਾਰਾਂ ਦੇ ਨਾਂ ਨਾ ਚੁਣ ਕੇ ਸਕਰੀਨਿੰਗ ਕਮੇਟੀ ਅਤੇ ਸਲਾਹਕਾਰ ਬੋਰਡ ਵੱਲੋਂ ਵੀ ਵੱਡੀਆਂ ਅਨਿਯਮਾਤਾਵਾਂ ਕੀਤੀਆਂ ਗਈਆਂ ਹਨ। ਇੰਝ ਯੋਗ ਉਮੀਦਵਾਰ ਪੁਰਸਕਾਰ ਪ੍ਰਾਪਤ ਨਹੀਂ ਕਰ ਸਕੇ ਅਤੇ ਅਯੋਗ ਉਮੀਦਵਾਰ ਪੁਰਸਕਾਰ ਪ੍ਰਾਪਤ ਕਰਨ ਵਿਚ ਸਫ਼ਲ ਹੋ ਗਏ।

# HARISH RAI DHANDA

**ADVOCATE,**

**Member, Bar Council of Punjab & Haryana**

Chamber No. 333, 3rd Floor, Lawyers Chamber Complex, Part-1,
District Courts, Ludhiana, Punjab, India.141001.
Email: dhandahr@gmail.com
(M) 98141-20300

6

(v) ਪੰਜਾਬ ਸਰਕਾਰ ਵੱਲੋਂ ਹਰ ਸਾਲ ਇੱਕ 'ਪੰਜਾਬੀ ਪੱਤਰਕਾਰ' ਅਤੇ ਇੱਕ 'ਪੰਜਾਬੀ ਸਾਹਿਤਕ ਪੱਤਰਕਾਰ' ਨੂੰ ਪੁਰਸਕਾਰ ਦਿੱਤਾ ਜਾਂਦਾ ਹੈ। ਇਹ ਦੋ ਪੁਰਸਕਾਰ ਦੇਣ ਦਾ ਮੁੱਖ ਉਦੇਸ਼ ਇਹੋ ਹੈ ਕਿ ਸਧਾਰਨ ਪੱਤਰਕਾਰੀ ਦੇ ਨਾਲ-ਨਾਲ ਸਾਹਿਤਕ ਪੱਤਰਕਾਰੀ ਨੂੰ ਵੀ ਉਤਸ਼ਾਹਿਤ ਕੀਤਾ ਜਾਵੇ। ਇਸ ਵਾਰ ਜਿਨ੍ਹਾਂ ਛੇ ਸਾਹਿਤਕ ਪੱਤਰਕਾਰਾਂ ਨੂੰ ਚੁਣਿਆ ਗਿਆ ਹੈ ਉਨ੍ਹਾਂ ਵਿਚੋਂ ਘੱਟੋ-ਘੱਟ ਚਾਰ ਪੱਤਰਕਾਰ ਲੰਬੇ ਸਮੇਂ ਤੋਂ ਸਾਹਿਤਕ ਪੱਤਰਕਾਵਾਂ ਦਾ ਸੰਪਾਦਨ ਕਰਦੇ ਆ ਰਹੇ ਹਨ। ਸਾਲ 2020 ਦਾ ਇਹ ਪੁਰਸਕਾਰ ਯੂ.ਕੇ. ਤੋਂ ਪ੍ਰਕਾਸ਼ਤ ਹੁੰਦੇ ਤ੍ਰੈ-ਮਾਸਿਕ ਰਸਾਲੇ 'ਚਰਚਾ' ਦੇ ਸੰਪਾਦਕ ਦਰਸ਼ਨ ਸਿੰਘ ਢਿੱਲੋਂ ਨੂੰ ਦਿੱਤਾ ਗਿਆ ਹੈ। ਮੇਰੇ ਸਾਇਲ ਵੱਲੋਂ ਉਪਲਬਧ ਕਰਵਾਈ ਗਈ ਸੂਚਨਾ ਅਨੁਸਾਰ ਇਸ ਰਸਾਲੇ ਨੂੰ ਪਿਛਲੇ ਸਾਲ ਹੀ ਤ੍ਰੈ-ਮਾਸਿਕ ਰਸਾਲੇ ਦੇ ਤੌਰ ਤੇ ਪ੍ਰਕਾਸ਼ਤ ਕਰਨਾ ਸ਼ੁਰੂ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਇਹ ਸਪਤਾਹਿਕ ਅਖ਼ਬਾਰ/ਰਸਾਲਾ ਸੀ। ਕੇਵਲ ਇੱਕ ਜਾਂ ਦੋ ਅੰਕਾਂ ਦੇ ਅਧਾਰ ਤੇ ਕਿਸੇ ਰਸਾਲੇ ਦੇ ਸੰਪਾਦਕ ਨੂੰ ਸਾਹਿਤਕ ਪੱਤਰਕਾਰ ਦਾ ਖਿਤਾਬ ਨਹੀਂ ਦਿੱਤਾ ਜਾ ਸਕਦਾ। ਮੇਰੇ ਸਾਇਲ ਵੱਲੋਂ ਉਪਲਬਧ ਕਰਵਾਈ ਗਈ ਸੂਚਨਾ ਅਨੁਸਾਰ ਸ੍ਰੀ ਦਰਸ਼ਨ ਸਿੰਘ ਢਿੱਲੋਂ ਸਲਾਹਕਾਰ ਬੋਰਡ ਦੇ ਸੀਨੀਅਰ ਮੈਂਬਰ ਡਾ.ਦੀਪਕ ਮਨਮੋਹਨ ਸਿੰਘ ਦੇ ਬਹੁਤ ਨਜ਼ਦੀਕੀ ਹਨ। ਇਸ ਦਾ ਸਬੂਤ 'ਚਰਚਾ' ਰਸਾਲੇ ਦੇ ਅੰਕ 'ਅਕਤੂਬਰ-ਦਸੰਬਰ 2020' ਵਿਚ ਪੰਨਾ ਨੰ:148 ਤੇ ਛਪੇ ਇਸ਼ਤਿਹਾਰ/ਸੂਚਨਾ ਤੋਂ ਮਿਲਦਾ ਹੈ। ਇਸ ਸੂਚਨਾ/ਇਸ਼ਤਿਹਾਰ ਰਾਹੀਂ ਰਸਾਲੇ ਦੇ ਪਾਠਕਾਂ ਨੂੰ ਸੂਚਿਤ ਕੀਤਾ ਗਿਆ ਹੈ ਕਿ ਚਰਚਾ ਰਸਾਲੇ ਦਾ ਅਗਲਾ ਅੰਕ ਭਾਵ 'ਜਨਵਰੀ-ਮਾਰਚ 2021' ਸਪੈਸ਼ਲ ਅੰਕ ਹੋਵੇਗਾ। ਅਤੇ ਇਹ ਸਪੈਸ਼ਲ ਅੰਕ 'ਡਾ.ਦੀਪਕ ਮਨਮੋਹਨ ਸਿੰਘ ਬਾਰੇ' ਹੋਵੇਗਾ। ਇਸ ਇਸ਼ਤਿਹਾਰ ਤੋਂ ਸ੍ਰੀ ਦਰਸ਼ਨ ਸਿੰਘ ਢਿੱਲੋਂ ਦੀ ਡਾ.ਦੀਪਕ ਮਨਮੋਹਨ ਸਿੰਘ ਨਾਲ ਨੇੜਤਾ ਸਪੱਸ਼ਟ ਰੂਪ ਵਿਚ ਸਿੱਧ ਹੁੰਦੀ ਹੈ। ਸ੍ਰੀ ਢਿੱਲੋਂ ਨੂੰ ਇਹ ਪੁਰਸਕਾਰ ਉਨ੍ਹਾਂ ਦੀ ਸਾਹਿਤਕ ਪੱਤਰਕਾਰੀ ਨੂੰ ਦੇਣ ਕਾਰਨ ਨਹੀਂ ਸਗੋਂ ਉਨ੍ਹਾਂ ਦੀ ਡ.ਦੀਪਕ ਮਨਮੋਹਨ ਸਿੰਘ ਨਾਲ ਨੇੜਤਾ ਕਾਰਨ ਦੇਣਾ ਸਿੱਧ ਹੁੰਦਾ ਹੈ।

ਇੱਕ ਅਯੋਗ ਵਿਅਕਤੀ ਨੂੰ ਮਿਲੇ ਪੁਰਸਕਾਰ ਦੀ ਪ੍ਰੋੜਤਾ ਇਸ ਤੱਥ ਤੋਂ ਵੀ ਹੁੰਦੀ ਹੈ ਕਿ ਸੁਰਿੰਦਰ ਕੈਲੇ ਪਿਛਲੇ ਪੰਜਾਹ ਸਾਲ ਤੋਂ ਇੱਕ ਲਘੂ ਰਸਾਲਾ 'ਅਣੂ' ਲਗਾਤਾਰ ਪ੍ਰਕਾਸ਼ਤ ਕਰਦੇ ਆ ਰਹੇ ਹਨ। ਆਪਣੇ ਆਕਾਰ ਅਤੇ ਰਚਨਾਵਾਂ ਦੇ ਲਘੂ ਮਿਆਰ ਕਾਰਨ ਇਸ ਰਸਾਲੇ ਦਾ ਪੰਜਾਬੀ ਸਾਹਿਤ ਵਿਚ ਵੱਖਰਾ ਵਿਸ਼ੇਸ਼ ਸਥਾਨ ਹੈ। ਉਨ੍ਹਾਂ ਦੇ ਨਾਂ ਨੂੰ ਇਸ ਪੁਰਸਕਾਰ ਲਈ ਨਾ ਵਿਚਾਰਨਾ ਅਤੇ ਉਨ੍ਹਾਂ ਦੀ ਥਾਂ ਸ੍ਰੀ ਢਿੱਲੋਂ ਨੂੰ, ਸੀਮਿਤ ਸਮੇਂ ਲਈ ਕੀਤੀ ਗਈ ਪੱਤਰਕਾਰੀ ਕਾਰਨ ਪੁਰਸਕਾਰਤ ਕਰਨਾ, ਨੋਟਿਸੀ ਨੰ:2 ਅਤੇ ਸਕਰੀਨਿੰਗ ਕਮੇਟੀ/ਸਲਾਹਕਾਰ ਬੋਰਡ ਵੱਲੋਂ ਆਪਣੇ ਫ਼ਰਜ਼ਾਂ ਦੀ ਕੀਤੀ ਘੋਰ ਉਲੰਘਣਾ ਸਿੱਧ ਕਰਦਾ ਹੈ।

4. **ਨੋਟਿਸੀ ਨੰ:3 ਵੱਲੋਂ ਆਪਣੇ ਫ਼ਰਜ਼ਾਂ ਦੀ ਉਲੰਘਣਾ ਕਰਨ ਦੀ ਉਦਾਹਰਣ**

ਪ੍ਰਾਪਤ ਸੂਚਨਾ ਅਨੁਸਾਰ ਇਸ ਵਾਰ ਇਨ੍ਹਾਂ ਪੁਰਸਕਾਰਾਂ ਦੇ ਉਮੀਦਵਾਰਾਂ ਦੀ ਚੋਣ ਲਈ ਭਾਸ਼ਾ ਵਿਭਾਗ (ਤੁਸੀਂ ਨੋਟਿਸੀ ਨੰ:2) ਵੱਲੋਂ ਉਮੀਦਵਾਰਾਂ ਤੋਂ ਅਰਜ਼ੀਆਂ/ਜੀਵਨ ਬਿਓਰਾ ਸਰਵਜਨਕ ਤੌਰ ਤੇ (ਅਖ਼ਬਾਰਾਂ ਆਦਿ ਰਾਹੀਂ) ਨਹੀਂ ਮੰਗਿਆ ਗਿਆ। ਸਾਰੀ ਚੋਣ ਪ੍ਰਕ੍ਰਿਆ ਗੁਪਤ ਰੱਖੀ ਗਈ ਹੈ। ਨਾਵਾਂ ਦੀ ਸੂਚੀ/ਏਜੰਡਾ ਤਿਆਰ ਕਰਨ ਦੀ ਜ਼ਿੰਮੇਵਾਰੀ ਨੋਟਿਸੀ ਨੰ:2 ਦੀ ਸੀ। ਨੋਟਿਸੀ ਨੰ:2 ਦੀ ਇਸ ਕਾਰਜ ਵਿਚ ਪ੍ਰਾਂਤ ਦੇ ਜ਼ਿਲ੍ਹਾ ਭਾਸ਼ਾ ਅਫ਼ਸਰਾਂ ਵੱਲੋਂ ਸਹਿਯੋਗ ਕੀਤਾ ਜਾਣਾ ਸੀ। ਹਰ ਜ਼ਿਲ੍ਹਾ ਭਾਸ਼ਾ ਅਫ਼ਸਰ ਵੱਲੋਂ ਆਪਣੇ ਜ਼ਿਲ੍ਹੇ ਦੇ ਇਨ੍ਹਾਂ ਪੁਰਸਕਾਰਾਂ ਲਈ ਯੋਗ ਉਮੀਦਵਾਰਾਂ ਦੇ ਨਾਵਾਂ ਦੀ ਸੂਚੀ ਨੋਟਿਸੀ ਨੰ:2 ਨੂੰ ਭੇਜੀ ਜਾਣੀ ਸੀ। ਜ਼ਿਲ੍ਹਾ ਲੁਧਿਆਣਾ ਵਿਚ ਇਸ ਪੁਰਸਕਾਰ ਲਈ ਯੋਗ ਉਮੀਦਵਾਰਾਂ ਦੀ ਗਿਣਤੀ ਸੈਂਕੜਿਆਂ ਵਿਚ ਹੈ।

ਹਰਪ੍ਰਸ਼ਨ ਸਿੰਘ ਗੋਹਨ

# HARISH RAI DHANDA

## ADVOCATE,

**Member, Bar Council of Punjab & Haryana**

Chamber No. 333, 3rd Floor, Lawyers Chamber Complex, Part-1,
District Courts, Ludhiana, Punjab, India.141001.
Email: dhandahr@gmail.com
(M) 98141-20300

---

ਹਰ ਪੁਰਸਕਾਰ ਲਈ ਯੋਗ ਉਮੀਦਵਾਰ ਇਸ ਜ਼ਿਲ੍ਹੇ ਵਿਚ ਰਹਿੰਦੇ ਹਨ। ਉਦਾਹਰਣ ਲਈ ਕੁਝ ਨਾਂ ਦਿੱਤੇ ਜਾ ਸਕਦੇ ਹਨ: ਮਿੱਤਰ ਸੈਨ ਮੀਤ, ਕਰਮਜੀਤ ਸਿੰਘ ਔਜਲਾ, ਦਵਿੰਦਰ ਸਿੰਘ ਸੇਖਾ, ਫ਼ਕੀਰ ਚੰਦ ਸ਼ੁਕਲਾ, ਸੁਰਿੰਦਰ ਰਾਮਪੁਰੀ, ਸੁਖਵਿੰਦਰ ਰਾਮਪੁਰੀ, ਸੁਖ਼ਜੀਤ, ਡਾ.ਗੁਲਜ਼ਾਰ ਪੰਧੇਰ, ਤਰਲੋਚਨ ਝਾਂਡੇ, ਜਸਵੀਰ ਝੱਜ, ਤਰਲੋਚਨ ਲੋਚੀ, ਡਾ.ਗੁਰਚਰਨ ਕੌਰ ਕੋਚਰ, ਡਾ.ਸਵਰਨਜੀਤ ਗਰੇਵਾਲ, ਸੁਰਿੰਦਰ ਕੈਲੇ। ਇਨ੍ਹਾਂ ਵਿਚੋਂ ਕੁਝ ਸੁਰਿੰਦਰ ਕੈਲੇ, ਫ਼ਕੀਰ ਚੰਦ ਸ਼ੁਕਲਾ ਦੇ ਸਾਹਿਤਕ ਯੋਗਦਾਨ ਦਾ ਜ਼ਿਕਰ ਉਕਤ ਪੈਰ੍ਹਿਆਂ ਵਿਚ ਕੀਤਾ ਜਾ ਚੁੱਕਾ ਹੈ। ਤੁਸੀਂ ਨੋਟਿਸੀ ਨੰ:3 ਵੱਲੋਂ ਇਨ੍ਹਾਂ ਵਿਚੋਂ ਕਿਸੇ ਵੀ ਸਾਹਿਤਕਾਰ ਨੂੰ ਪੁਰਸਕਾਰਾਂ ਲਈ ਆਪਣਾ ਜੀਵਨ ਬਿਓਰਾ ਭੇਜਣ ਲਈ ਨਾ ਹੀ ਸੂਚਿਤ ਕੀਤਾ ਗਿਆ ਅਤੇ ਨਾ ਹੀ ਆਪਣੇ ਤੌਰ ਤੇ ਇਨ੍ਹਾਂ ਅਤੇ ਹੋਰ ਯੋਗ ਨਾਵਾਂ ਦੀ ਸੂਚੀ ਤਿਆਰ ਕਰਕੇ ਨੋਟਿਸੀ ਨੰ:2 ਨੂੰ ਭੇਜੀ। ਇਸ ਤਰ੍ਹਾਂ ਤੁਸੀਂ ਨੋਟਿਸੀ ਨੰ:3 ਨੇ ਆਪਣੇ ਫ਼ਰਜ਼ਾਂ ਦੀ ਪਾਲਣਾ ਨਾ ਕਰਕੇ ਯੋਗ ਉਮੀਦਵਾਰਾਂ ਨੂੰ ਇਨ੍ਹਾਂ ਪੁਰਸਕਾਰਾਂ ਨੂੰ ਪ੍ਰਾਪਤ ਕਰਨ ਦੇ ਮੌਕੇ ਤੋਂ ਵਾਂਝਾ ਕੀਤਾ ਅਤੇ ਅਯੋਗ ਉਮੀਦਵਾਰਾਂ ਨੂੰ ਪੁਰਸਕਾਰ ਪ੍ਰਾਪਤ ਕਰਨ ਵਿਚ ਯੋਗਦਾਨ ਪਾਇਆ।

5. ਤੁਹਾਨੂੰ ਨੋਟਿਸੀ ਨੰ:1 ਨੂੰ ਪੰਜਾਬ ਸਰਕਾਰ ਦੇ ਨੁਮਾਇੰਦੇ ਦੇ ਤੌਰ ਤੇ ਅਤੇ ਸਲਾਹਕਾਰ ਬੋਰਡ ਦੇ ਤੌਰ ਤੇ ਨੋਟਿਸੀ ਬਣਾਇਆ ਗਿਆ ਹੈ।

6. ਤੁਹਾਨੂੰ ਨੋਟਿਸੀ ਨੰ:1 ਨੂੰ, ਨੋਟਿਸੀ ਨੰ:2 ਅਤੇ 3 ਦੇ ਪ੍ਰਸ਼ਾਸਨਿਕ ਉੱਚ ਅਧਿਕਾਰੀ ਵਜੋਂ (ਅਤੇ ਸਲਾਹਕਾਰ ਬੋਰਡ ਦੇ ਮੈਂਬਰ ਵਜੋਂ ਵੀ) ਦੀਵਾਨੀ ਜ਼ਾਬਤੇ ਦੀ ਧਾਰਾ 80 ਦੀਆਂ ਹਦਾਇਤਾਂ ਅਨੁਸਾਰ ਇਹ ਨੋਟਿਸ ਦਿੱਤਾ ਜਾ ਰਿਹਾ ਹੈ।

7. **ਇਸ ਕਾਨੂੰਨੀ ਨੋਟਿਸ ਰਾਹੀਂ ਆਪ ਜੀ ਤੋਂ ਹੇਠ ਲਿਖੀ ਰਾਹਤ ਦੀ ਮੰਗ ਕੀਤੀ ਜਾ ਰਹੀ ਹੈ:**

(ੳ) ਗੈਰ-ਕਾਨੂੰਨੀ, ਗੈਰ-ਤਰਕਸੰਗਤ, ਪੱਖਪਾਤੀ ਢੰਗ ਨਾਲ ਅਤੇ ਭਾਈ-ਭਤੀਜਾਵਾਦ ਤੇ ਅਧਾਰਤ ਹੋਈ ਚੋਣ ਨੂੰ ਰੱਦ ਕੀਤਾ ਜਾਵੇ।

(ਅ) ਚੋਣ ਪ੍ਰਿਕ੍ਰਿਆ ਨਿਸ਼ਚਿਤ ਕਰਨ ਲਈ ਸਥਾਈ ਨਿਯਮ ਬਣਾ ਕੇ ਉਨ੍ਹਾਂ ਨੂੰ ਪੰਜਾਬ ਸਰਕਾਰ ਦੇ ਗਜ਼ਟ ਵਿਚ ਪ੍ਰਕਾਸ਼ਿਤ ਕਰਕੇ ਕਾਨੂੰਨੀ ਦਰਜਾ ਦਿੱਤਾ ਜਾਵੇ। ਨਵੇਂ ਬਣਾਏ ਗਏ ਨਿਯਮ, ਭਾਰਤੀ ਸੰਵਿਧਾਨ ਅਤੇ ਕਾਨੂੰਨ ਦੀਆਂ ਕਸਵੱਟੀਆਂ ਤੇ ਪੂਰੇ ਉੱਤਰਦੇ ਹੋਣ।

(ੲ) ਮੌਜੂਦਾ ਪੱਖਪਾਤੀ ਸਲਾਹਕਾਰ ਬੋਰਡ ਭੰਗ ਕਰਕੇ ਨਵੇਂ ਨਿਯਮਾਂ ਅਨੁਸਾਰ ਨਵੀਂ ਚੋਣ ਪ੍ਰਿਕ੍ਰਿਆ ਅਪਣਾ ਕੇ ਪੁਰਸਕਾਰਾਂ ਦੀ ਦੁਬਾਰਾ ਚੋਣ ਕੀਤੀ ਜਾਵੇ।

8. ਦੀਵਾਨੀ ਜ਼ਾਬਤੇ ਦੀ ਧਾਰਾ 80 ਦੀਆਂ ਵਿਵਸਥਾਵਾਂ ਦੀ ਪਾਲਣਾ ਕਰਦੇ ਹੋਏ, ਇਸ ਕਾਨੂੰਨੀ ਨੋਟਿਸ ਰਾਹੀਂ ਆਪ ਨੋਟਿਸੀਜ਼ ਨੂੰ ਲਿਖਿਆ ਜਾਂਦਾ ਹੈ ਕਿ ਕਾਨੂੰਨ ਵੱਲੋਂ ਨਿਰਧਾਰਤ 60 ਦਿਨਾਂ ਦੇ ਅੰਦਰ-ਅੰਦਰ ਆਪ ਨੋਟਿਸੀਜ਼ ਉਕਤ ਪੈਰ੍ਹਾ ਨੰ:7 ਵਿਚ ਮੰਗੀ ਰਾਹਤ ਮੇਰੇ ਸਾਇਲ ਨੂੰ ਉਪਲਬਧ ਕਰਵਾਓ।

9. ਪੈਰ੍ਹਾ ਨੰ:7 ਵਿਚ ਮੰਗੀ ਰਾਹਤ ਨਾ ਮਿਲਣ ਤੇ, ਕਾਨੂੰਨ ਦੁਆਰਾ ਨਿਸ਼ਚਿਤ ਸਮੇਂ ਦੇ ਲੰਘ ਜਾਣ ਬਾਅਦ ਮੇਰਾ ਸਾਇਲ ਆਪ ਸਾਰੇ ਨੋਟਿਸੀਜ਼ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਲਈ ਮਜਬੂਰ ਹੋਵੇਗਾ। ਇਸ ਦੀ ਜ਼ਿੰਮੇਵਾਰੀ ਸਬੰਧਤ ਅਧਿਕਾਰੀਆਂ ਦੀ ਹੋਵੇਗੀ।

ਤਰਲੋਚਨ ਸਿੰਘ ਗੋਰਾਇਆ

# HARISH RAI DHANDA

**ADVOCATE,**

Member, Bar Council of Punjab & Haryana

Chamber No. 333, 3rd Floor, Lawyers Chamber Complex, Part-1,
District Courts, Ludhiana, Punjab, India.141001.

Email: dhandahr@gmail.com

(M) 98141-20300


---

ਇਸ ਕਾਨੂੰਨੀ ਨੋਟਿਸ ਦੀ ਕਾਪੀ ਰਿਕਾਰਡ ਵਿਚ ਰੱਖੀ ਜਾਂਦੀ ਹੈ।

ਐਡਵੋਕੇਟ

ਹਰਚਰਨ ਸਿੰਘ ਗਰੇਵਾਲ